੧੭ ਅੱਸੂ

# 1 OCTOBER

ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥
ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥ (ਅੰਗ - ੧੯੪)

ਮਨੁੱਖ ਅਨੇਕਾਂ ਪਰਦਿਆਂ ਪਿਛੇ ਲੁਕ ਕੇ ਜੋ ਵਿਕਾਰ ਕਰਮ ਕਮਾਂਦਾ ਹੈ, ਉਹ ਇਕ ਖਿਨ ਵਿਚ ਹੀ ਪਰਗਟ ਹੋ ਜਾਂਦੇ ਹਨ।

Hiding behind many screens, one commits vices, but in an instant, these are revealed to all.



੧੮ ਅੱਸੂ

# 2 OCTOBER

## ਹਰਿ ਜੋ ਕਿਛੁ ਕਰੇ
## ਸੁ ਹਰਿ ਕਿਆ ਭਗਤਾ ਭਾਇਆ ॥ (ਅੰਗ- ੧੭੬)

ਪਰਮਾਤਮਾ ਜੋ ਕਰਦਾ ਹੈ
ਉਹ ਭਗਤਾਂ ਨੂੰ ਮਿੱਠਾ ਲੱਗਦਾ ਹੈ।

Whatever the Lord executes,
is pleasing to the devotees.



Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

Self Help Project 002

੧੯ ਅੱਸੂ

# 3 OCTOBER

## ਸੰਤ ਸਭਾ ਕਉ
## ਸਦਾ ਜੈਕਾਰੁ ॥ *(ਅੰਗ - ੧੯੩)*

*ਸਾਧ ਸੰਗਤਿ ਅੱਗੇ ਸਦਾ ਸਿਰ ਨਿਵਾਉ।*

Salute to the Society of the Saints.



੨੦ ਅੱਸੂ

# 4 OCTOBER

## ਜਾ ਕੈ ਵਸਿ
## ਖਾਨ ਸੁਲਤਾਨ ॥ *(ਅੰਗ - ੧੯੨)*

ਦੁਨੀਆ ਦੇ ਖ਼ਾਨ ਤੇ ਸੁਲਤਾਨ ਭੀ
ਪਰਮਾਤਮਾ ਦੇ ਅਧੀਨ ਹਨ ।

Kings and emperors are
under God's control.





੨੧ ਅੱਸੂ

# 5 OCTOBER

**ਮਨੁ ਅਸਾਧੁ ਸਾਧੈ ਜਨੁ ਕੋਈ ॥**

(ਅੰਗ - ੬੬੫)

ਮਨ ਵਸ ਵਿਚ ਨਹੀਂ ਆਂਦਾ, ਕੋਈ ਵਿਰਲਾ ਹੀ ਗੁਰੂ ਰਾਹੀਂ ਇਸਨੂੰ ਵਸ ਕਰਦਾ ਹੈ।

The mind is undisciplined; only a rare few discipline it.



੨੨ ਅੱਸੂ

# 6 OCTOBER

## ਮਨੁ ਮਾਰੇ
## ਧਾਤੁ ਮਰਿ ਜਾਇ ॥ (ਅੰਗ - ੧੫੯)

*ਜੋ ਆਪਣੇ ਮਨ ਨੂੰ ਕਾਬੂ ਕਰ ਲੈਂਦਾ ਹੈ,*
*ਉਸ ਦੀ ਭਟਕਣਾ ਮੁੱਕ ਜਾਂਦੀ ਹੈ।*

By disciplining the mind,
wandering nature is also restrained.





੨੩ ਅੱਸੂ

# 7 OCTOBER

ਹਉਮੈ ਵਿਚਿ ਗਾਵਹਿ
ਬਿਰਥਾ ਜਾਇ ॥ (ਅੰਗ - ੧੫੮)

ਹਉਮੈ ਵਿਚ ਕੀਰਤੀ ਦਾ ਉੱਦਮ
ਵਿਅਰਥ ਚਲਾ ਜਾਂਦਾ ਹੈ।

Singing in egotism, goes in vain.



੨੪ ਅੱਸੂ

# 8 OCTOBER

**ਆਪਣ ਲੀਆ ਜੇ ਮਿਲੈ**
**ਤਾ ਸਭੁ ਕੋ ਭਾਗਠੁ ਹੋਇ ॥** (ਅੰਗ- ੧੫੬)

*ਜੇ ਨਿਰਾ ਕੰਮ ਕੀਤਿਆਂ ਹੀ ਨਾਮ-ਧਨ ਮਿਲ ਸਕਦਾ, ਤਾਂ ਹਰੇਕ ਜੀਵ ਖ਼ਜ਼ਾਨਿਆਂ ਦਾ ਮਾਲਕ ਬਣ ਜਾਏ।*

If one could gather things by mere efforts, then everyone would have been flourishing.





੨੫ ਅੱਸੂ

# 9 OCTOBER

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥** (ਅੰਗ- ੧੫੬)

*ਜਿਵੇਂ (ਅਮਿਣਵੇਂ) ਪਾਣੀ ਨਾਲ ਸਮੁੰਦਰ ਭਰਿਆ ਹੋਇਆ ਹੈ, ਤਿਵੇਂ ਹੀ ਜੀਵਾਂ ਦੇ ਅਣਗਿਣਤ ਹੀ ਔਗੁਣ ਹਨ।*

As water overflows in seas, oceans, so immeasurable are my sins.



*ਪ੍ਰਕਾਸ਼ ਪੁਰਬ—ਸ੍ਰੀ ਗੁਰੂ ਰਾਮਦਾਸ ਜੀ*

੨੬ ਅੱਸੂ

# 10 OCTOBER

ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ
ਬਹੁੜਿ ਨ ਆਵੈ ਵਾਰੀ ॥ (ਅੰਗ- ੧੫੪)

ਹੇ ਮੇਰੀ ਜਿੰਦੇ ! ਕੀਤੀ ਹੋਈ ਨੇਕ ਕਮਾਈ ਹੀ ਤੇਰੇ ਨਾਲ ਨਿਭੇਗੀ । ਮਨੁੱਖਾ ਜਨਮ ਦੀ ਛੇਤੀ ਵਾਰੀ ਨਹੀਂ ਮਿਲੇਗੀ ।

Only good deeds shall prevail, this opportunity shall not come again.





੨੭ ਅੱਸੂ

# 11 OCTOBER

**ਕਾਰਣੁ ਕਰਤੇ ਵਸਿ ਹੈ**
**ਜਿਨਿ ਕਲ ਰਖੀ ਧਾਰਿ ॥** (ਅੰਗ-੧੩੫੩)

ਪ੍ਰਭੂ ਨੇ ਜਗਤ ਵਿਚ ਆਪਣੀ ਸੱਤਿਆ ਟਿਕਾ ਰੱਖੀ ਹੈ, ਉਸ ਕਰਤਾਰ ਦੇ ਇਖ਼ਤਿਆਰ ਵਿਚ ਹੀ ਹਰੇਕ ਸਬਬ ਹੈ।

Cause is under the control of Creator. By His Power, He sustains and supports it.





# 12 OCTOBER

**ਸਤੀ ਪਹਰੀ ਸਤੁ ਭਲਾ**
**ਬਹੀਐ ਪੜਿਆ ਪਾਸਿ ॥** (ਅੰਗ- ੧੪੬)

ਹਰ ਵੇਲੇ ਭਲਾ ਆਚਰਨ ਬਨਾਣ ਦੀ ਲੋੜ ਹੈ,
ਗੁਰਮੁਖਾਂ ਪਾਸ ਬੈਠਣਾ ਚਾਹੀਦਾ ਹੈ ।

Throughout the day,
it is good to speak Truth and sit with spiritually wise.





੨੯ ਅੱਸੂ

# 13 OCTOBER

## ਕਰਮੀ ਕਰਮੀ ਹੋਇ ਵੀਚਾਰੁ ॥ (ਅੰਗ- ੭)

ਸਾਡੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਹੀ ਅਕਾਲਪੁਰਖ ਨਿਬੇੜਾ ਕਰਦਾ ਹੈ।

In the court of Lord, we are adjudged as per our deeds.



੩੦ ਅੱਸੂ

# 14 OCTOBER

ਕੀੜਾ ਥਾਪਿ ਦੇਇ ਪਾਤਿਸਾਹੀ
ਲਸਕਰ ਕਰੇ ਸੁਆਹ ॥ (ਅੰਗ- ੧੪੪)

ਪਰਮਾਤਮਾ ਕੀੜੇ ਨੂੰ ਬਾਦਸ਼ਾਹੀ ਦੇਂਦਾ ਹੈ ਤੇ ਬਾਦਸ਼ਾਹਾਂ ਦੇ ਲਸ਼ਕਰਾਂ ਨੂੰ ਸੁਆਹ ਕਰ ਦੇਂਦਾ ਹੈ।

He could appoint a worm as king,
and reduce an army to ashes.



੧ ਕੱਤਕ

# 15 OCTOBER

*ਨ ਓਹਿ ਮਰਹਿ ਨਾ ਠਾਗੇ ਜਾਹਿ ॥*
*ਜਿਨ ਕੈ ਰਾਮੁ ਵਸੈ ਮਨਿ ਮਾਹਿ ॥* (ਅੰਗ- ੮)

*ਅਕਾਲਪੁਰਖ ਦੇ ਨਾਮ ਵਿਚ ਰਤੇ ਮਨੁਖ ਨਾ ਆਤਮਿਕ ਮੌਤ ਮਰਦੇ ਹਨ ਅਤੇ ਨਾ ਹੀ ਮਾਇਆ ਉਹਨਾਂ ਨੂੰ ਠੱਗ ਸਕਦੀ।*

In whose heart God abides
do not die spiritual death and no one can cheat them.



# 16 OCTOBER

**ਸਿਫਤੀ**
**ਗੰਢੁ ਪਵੈ ਦਰਬਾਰਿ ॥** (ਅੰਗ- ੧੪੩)

ਸਿਫ਼ਤਿ-ਸਾਲਾਹ ਦੇ ਰਾਹੀਂ ਪ੍ਰਭੂ ਦੇ ਦਰਬਾਰ ਵਿਚ ਆਦਰ-ਪਿਆਰ ਦਾ ਜੋੜ ਜੁੜਦਾ ਹੈ।

Through Lord's Praises,
we establish a bond with His Court.





੩ ਕੱਤਕ

# 17 OCTOBER

**ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥** (ਅੰਗ - ੧੪੨)

ਉਸ ਲਈ ਸਾਰਾ ਜਗਤ ਸੋਹਣਾ ਹੈ, ਜੋ ਪ੍ਰਭੂ ਦੇ ਰੰਗ ਵਿਚ ਲੀਨ ਹੁੰਦਾ ਹੈ।

The world seems blessed and sanctified to those who remain absorbed in Truth.



੪ ਕੱਤਕ

# 18 OCTOBER

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥ (ਅੰਗ ੧੧੮੫)

ਹੇ ਮੇਰੇ ਵੀਰ ! ਇਕੱਠੇ ਹੋ ਕੇ ਸਾਧ ਸੰਗਤਿ ਵਿਚ ਬੈਠਿਆ ਕਰੋ, ਸੁਰਤਿ ਜੋੜ ਕੇ ਮਨ ਵਿਚੋਂ ਮੇਰ-ਤੇਰ ਮਿਟਾਇਆ ਕਰੋ।

Come and join ! dispel sense of duality by lovingly absorbed in Lord.



ੴ ਕੱਤਕ

# 19 OCTOBER

## ਦਾਤੀ ਸਾਹਿਬ ਸੰਦੀਆ
## ਕਿਆ ਚਲੈ ਤਿਸੁ ਨਾਲਿ ॥ (ਅੰਗ - ੮੩)

ਦਾਤਾਂ ਮਾਲਕ ਦੀਆਂ ਹਨ, ਉਸ ਨਾਲ ਕੋਈ ਜ਼ੋਰ ਨਹੀਂ ਚੱਲ ਸਕਦਾ।

The gifts come from Lord;
who can direct Him.



੬ ਕੱਤਕ

# 20 OCTOBER

ਜਿਨਿ ਜਿਨਿ ਨਾਮੁ ਧਿਆਇਆ
ਤਿਨ ਕੇ ਕਾਜ ਸਰੇ ॥ (ਅੰਗ - ੧੩੬)

ਜਿਸ ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ
ਜਪਿਆ, ਉਸ ਦੇ ਸਾਰੇ ਕਾਰਜ ਸਫਲ ਹੋ ਗਏ ।

Those who meditate on Naam,
their all affairs are resolved.





ਗੁਰਗੱਦੀ ਪੁਰਬ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

੭ ਕੱਤਕ

# 21 OCTOBER

## ਆਤਮ ਚੀਨਿ
## ਪਰਮ ਰੰਗ ਮਾਨੀ ॥ (ਅੰਗ - ੧੮੭)

ਮੈਂ ਆਤਮਕ ਜੀਵਨ ਨੂੰ ਪੜਤਾਲ ਪੜਤਾਲ ਕੇ
ਸਭ ਤੋਂ ਸ੍ਰੇਸ਼ਟ ਆਨੰਦ ਮਾਣ ਰਿਹਾ ਹਾਂ।

Through self introspection,
I enjoy supreme bliss.



੮ ਕੱਤਕ

# 22 OCTOBER

ਖਿਨ ਮਹਿ ਕਉੜੇ ਹੋਇ ਗਏ
ਜਿਤੜੇ ਮਾਇਆ ਭੋਗ ॥ (ਅੰਗ - ੧੩੫)

ਮਾਇਆ ਦੀਆਂ ਮੌਜਾਂ ਇਕ ਪਲ ਵਿਚ
ਦੁਖਦਾਈ ਹੋ ਜਾਂਦੀਆਂ ਹਨ।

In an instant,
all sensual pleasures turn bitter.





੯ ਕੱਤਕ

# 23 OCTOBER

ਜੋ ਗੁਣ ਸੰਗ੍ਰਹਿ

ਤਿਨ੍ ਬਲਿਹਾਰੈ ਜਾਉ ॥ (ਅੰਗ- ੩੬੧)

ਜੇਹੜਾ ਮਨੁੱਖ ਪਰਮਾਤਮਾ ਦੇ ਗੁਣ ਆਪਣੇ ਅੰਦਰ ਇਕੱਠੇ ਕਰਦਾ ਹੈ, ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ।

I am a sacrifice to those who gather merits.



੧੦ ਕੱਤਕ

# 24 OCTOBER

## ਹਰਿ ਸਿਮਰਤ ਤ੍ਰਾਸ ਸਭ ਨਾਸੈ ॥ (ਅੰਗ - ੧੮੯)

ਪਰਮਾਤਮਾ ਦਾ ਨਾਮ ਸਿਮਰਦਿਆਂ ਹਰੇਕ ਕਿਸਮ ਦਾ ਡਰ ਦੂਰ ਹੋ ਜਾਂਦਾ ਹੈ।

Remembering Lord
all fears dispell.





੧੧ ਕੱਤਕ

# 25 OCTOBER

ਵੇਲਾ ਵਖਤ ਸਭਿ ਸੁਹਾਇਆ ॥
ਜਿਤੁ ਸਚਾ ਮੇਰੇ ਮਨਿ ਭਾਇਆ ॥ (ਅੰਗ- ੧੧੫)

ਉਹ ਵੇਲੇ ਤੇ ਵਕਤ ਸੋਹਣੇ ਹਨ,
ਜਦੋਂ ਪ੍ਰਭੂ ਮੇਰੇ ਮਨ ਵਿਚ ਪਿਆਰਾ ਲੱਗੇ।

That moment is utterly beautiful,
when the True One becomes pleasing to my mind.



੧੨ ਕੱਤਕ

# 26 OCTOBER

## ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥ (ਅੰਗ- ੯੭)

ਹੇ ਦਾਤਾਰ ! ਜਿਸ ਹਿਰਦੇ ਵਿਚ ਤੂੰ ਵੱਸਦਾ ਹੈਂ,
ਉਹ ਹਿਰਦਾ ਠੰਢਾ-ਠਾਰ ਰਹਿੰਦਾ ਹੈ।

O Giver of all! Blessed is the heart in which You dwell.





੧੩ ਕੱਤਕ

# 27 OCTOBER

**ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥** (ਅੰਗ-੯੭)

ਜੋ ਕੰਮ ਮੈਂ ਤੇਰੀ ਸੇਵਾ ਵਾਸਤੇ ਕਰਦਾ ਹਾਂ,
ਉਹ ਮੈਨੂੰ ਸੁਖਾਵਾਂ ਲੱਗਦਾ ਹੈ।

Sublime is the work done for You.



੧੪ ਕੱਤਕ

# 28 OCTOBER

## ਕਾੜਾ ਅੰਦੇਸਾ ਕਿਉ ਕੀਜੈ
## ਜਾ ਨਾਹੀ ਅਧਰਮਿ ਮਾਰਦਾ ॥ (ਅੰਗ- ੯੦)

ਪ੍ਰਭੂ ਅਨਿਆਂ ਨਾਲ ਨਹੀਂ ਮਾਰਦਾ,
ਤਾਂ ਫ਼ਿਕਰ-ਡਰ ਕਿਉਂ ਕਰੀਏ ?

Why worry or be nervous ?
Lord does not punish without reason.





੧੫ ਕੱਤਕ

# 29 OCTOBER

## ਸੁਖ ਮੈ ਬਹੁ ਸੰਗੀ ਭਏ
## ਦੁਖ ਮੈ ਸੰਗਿ ਨ ਕੋਇ ॥ (ਅੰਗ ੧੪੨੮)

ਸੁਖ ਵੇਲੇ ਅਨੇਕਾਂ ਮੇਲੀ-ਗੇਲੀ ਬਣ ਜਾਂਦੇ ਹਨ,
ਪਰ ਦੁੱਖ ਵਿਚ ਕੋਈ ਭੀ ਨਾਲ ਨਹੀਂ ਹੁੰਦਾ।

In prosperity, there are many companions,
but in adversity, no one helps.



੧੬ ਕੱਤਕ

# 30 OCTOBER

## ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ ਸਦਾ ਸਦਾ ਹਰਿ ਧਿਆਈਐ ॥ (ਅੰਗ-੫੨੮)

ਪ੍ਰਭੂ ਦਇਆਵਾਨ ਹੋਵੇ ਤਾਂ ਹਿਰਦੇ ਦਾ ਕੌਲ-ਫੁੱਲ ਖਿੜ ਪੈਂਦਾ ਹੈ। ਸਦਾ ਪਰਮਾਤਮਾ ਦਾ ਧਿਆਨ ਧਰਨਾ ਚਾਹੀਦਾ ਹੈ।

With God's Mercy, lotus heart blossoms, forever and ever, I meditate on the Lord.



Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

Self Help Project 002

੧੭ ਕੱਤਕ

# 31 OCTOBER

## ਆਵਨ ਜਾਨੁ
## ਇਕੁ ਖੇਲੁ ਬਨਾਇਆ ॥ (ਅੰਗ- ੨੯੪)

ਜੀਵਾਂ ਦਾ ਜੰਮਣਾ ਮਰਨਾ ਪ੍ਰਭੂ ਨੇ ਇਕ ਖੇਡ ਬਣਾਈ ਹੈ।

God has enacted this drama of coming and going.



Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

Self Help Project 002